नामांक Roll No.

| | | | | | | |
|---|---|---|---|---|---|---|
| | | | | | | |

| Question Booklet No. |
|---|
| |

No. of Questions – **20**

No. of Printed Pages – **7**

**S-75-Punjabi (T.L.)**

# माध्यमिक परीक्षा, 2025

# SECONDARY EXAMINATION, 2025

# ਪੰਜਾਬੀ

## PUNJABI
## (THIRD LANGUAGE)

**Time : 3 Hours 15 Minutes**

**Maximum Marks : 80**

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ।

2) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਿਤ ਹਨ। ਪ੍ਰਸ਼ਨ ਨੰਬਰ 14 ਤੋਂ 20 ਤੱਕ ਆਂਤਰਿਕ ਵਿਕੱਲਪ ਹਨ।

3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ। ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ।

## ਖੰਡ- ੳ

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ :** **[18 × 1 = 18]**

i) ਲਾਵਾਂ (ਰਾਗ ਸੂਹੀ) ਸ਼ਬਦ ਗੁਰੂ ਸਾਹਿਬ ਜੀ ਦੀ ਰਚਨਾ ਹੈ:

ੳ) ਗੁਰੂ ਰਾਮਦਾਸ ਜੀ　　ਅ) ਗੁਰੂ ਨਾਨਕ ਦੇਵ ਜੀ

ੲ) ਭਾਈ ਗੁਰਦਾਸ ਜੀ　　ਸ) ਗੁਰੂ ਅਮਰਦਾਸ ਜੀ

ii) ਭਾਈ ਗੁਰਦਾਸ ਜੀ ਦੀ ਰਚਨਾ ਹੈ :

ੳ) ਦੇਖਿ ਪਰਾਈਆਂ ਚੰਗੀਆਂ　　ਅ) ਏ ਸਰੀਰਾ ਮੇਰਿਆ

ੲ) ਦੁਰਜੋਧਨ ਵੱਡਾ ਹੰਕਾਰੀ　　ਸ) ਮੇਰੀ! ਜਿੰਦੇ

iii) "ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥"

ਉਪਰੋਕਤ ਸਤਰ ਵਿੱਚ ਆਏ ਸ਼ਬਦ 'ਕੁਸੁਧੇ' ਦਾ ਸਹੀ ਅਰਥ ਹੈ:

ੳ) ਪੁੱਠੇ　　ਅ) ਸਿੱਧੇ　　ੲ) ਖੋਟੇ　　ਸ) ਭਾਰਾ

iv) "ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ।" ਇਹ ਸਤਰਾਂ ਕਿਹੜੇ ਕਵੀ ਦੀਆਂ ਹਨ ?

ੳ) ਮੀਆਂ ਵਜੀਦ　　ਅ) ਬੁੱਲ੍ਹੇ ਸ਼ਾਹ

ੲ) ਸ਼ੇਖ ਫਰੀਦ　　ਸ) ਸ਼ਾਹ ਹੁਸੈਨ

v) ਧਨੀ ਰਾਮ ਚਾਤ੍ਰਿਕ ਅਨੁਸਾਰ ਜੇ ਤੂੰ ਸੁੱਖ ਦੀ ਨੀਂਦ ਸੌਣਾ ਚਾਹੁੰਦਾ ਹੈਂ ਤਾਂ ਤੈਨੂੰ ਕਿੰਨਾਂ ਦੇ ਵੱਸ ਨਹੀਂ ਪੈਣਾ ਚਾਹੀਦਾ ?

ੳ) ਫ਼ਕੀਰਾਂ ਦੇ　　ਅ) ਗ਼ਰੀਬਾਂ ਦੇ

ੲ) ਚੁਗ਼ਲ-ਖੋਰਾਂ ਦੇ　　ਸ) ਅਮੀਰਾਂ ਦੇ

vi) 'ਕਿੱਥੋਂ ਦਿਆਂ ਪੰਛੀਆਂ ਨੂੰ ਕਿੱਥੋਂ ਚੋਗਾ ਲੱਭਿਆ।
ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ।'

ਇਹ ਕਾਵਿ ਸਤਰਾਂ ਕਿਹੜੀ ਕਵਿਤਾ ਦੀਆਂ ਹਨ ?

ੳ) ਰੁੱਖ　　ਅ) ਸੁੰਨੇ ਸੁੰਨੇ ਰਾਹਾਂ ਵਿੱਚ

ੲ) ਤਮਗ਼ੇ　　ਸ) ਤੈਨੂੰ ਦਿਆਂ ਹੰਝੂਆਂ ਦਾ ਭਾੜਾ

vii) 'ਫ਼ਲਾਇੰਗ ਸਿੱਖ – ਮਿਲਖਾ ਸਿੰਘ' ਨਿਬੰਧ ਦੇ ਨਿਬੰਧਕਾਰ ਹਨ :

ੳ) ਪ੍ਰਿੰ. ਤੇਜਾ ਸਿੰਘ　　ਅ) ਹਰਪਾਲ ਸਿੰਘ ਲੱਖੀਆਂ

ੲ) ਪ੍ਰਿੰ. ਸਰਵਣ ਸਿੰਘ　　ਸ) ਸਾਹਿਬ ਸਿੰਘ

viii) ਮਹਾਰਾਜਾ ਗੰਗਾ ਸਿੰਘ ਰਾਜਗੱਦੀ 'ਤੇ ਕਦੋਂ ਬੈਠਾ ?

ੳ) 19 ਅਗਸਤ 1887 ਈ. ਨੂੰ　　ਅ) 31 ਅਗਸਤ 1887 ਈ. ਨੂੰ

ੲ) 20 ਅਗਸਤ 1885 ਈ. ਨੂੰ　　ਸ) 20 ਅਗਸਤ 1887 ਈ. ਨੂੰ

ix) "ਤੁਸੀਂ ਖ਼ੁਦਾ ਦੇ ਡੂੰਮ ਹੋ, ਮੈਂ ਤੁਹਾਡਾ ਡੂੰਮ ਹਾਂ, ਤੁਸੀਂ ਖ਼ੁਦਾ ਨੂੰ ਦੇਖਿਆ ਹੈ, ਪਾਇਆ ਹੈ ਅਤੇ ਮੈਂ ਤੁਹਾਨੂੰ।"
ਉਪਰੋਕਤ ਸ਼ਬਦ ਕਿਸ ਨੇ ਆਖੇ ਹਨ?

ੳ) ਸ਼ਾਹਜਾਦ ਨੇ　　ਅ) ਗੁਰੂ ਨਾਨਕ ਦੇਵ ਜੀ ਨੇ
ੲ) ਭਾਈ ਮਰਦਾਨਾ ਜੀ ਨੇ　　ਸ) ਮੀਆਂ ਵਜ਼ੀਦ ਜੀ ਨੇ

x) 'ਬਲਜਿੰਦਰ ਸਿੰਘ ਭੁੱਲਰ' ਦਾ ਨਿਬੰਧ ਹੈ :

ੳ) ਭਾਈ ਮਰਦਾਨਾ ਜੀ　　ਅ) ਗੰਗਾਦੀਨ
ੲ) ਕਿਰਤ　　ਸ) ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ

xi) 'ਖ਼ੂਨ' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ :

ੳ) ਗੁਰਬਚਨ ਸਿੰਘ ਭੁੱਲਰ　　ਅ) ਸੰਤ ਸਿੰਘ ਸੇਖੋਂ
ੲ) ਸੰਤੋਖ ਸਿੰਘ ਧੀਰ　　ਸ) ਕੁਲਵੰਤ ਸਿੰਘ ਵਿਰਕ

xii) 'ਕਪੂਰ ਸਿੰਘ' ਕਿਹੜੀ ਕਹਾਣੀ ਦਾ ਪ੍ਰਧਾਨ ਪਾਤਰ ਹੈ ?

ੳ) ਖ਼ੂਨ　　ਅ) ਹਨੇਰਾ ਚੰਨ
ੲ) ਸਾਂਝੀ ਕੰਧ　　ਸ) ਮੇਰਾ ਉਜੜਿਆ ਗੁਆਂਢੀ

xiii) "ਦੁੱਧ ਤੇ ਡੁਲ੍ਹਾ ਦਿੱਤਾ ਏ ਅਜ ਪੀੜ ਜੋਗੀ ਨੇ।" ਇਹ ਸ਼ਬਦ ਕਹਾਣੀ ਵਿੱਚ ਕਿਸ ਨੇ ਕਿਸ ਨੂੰ ਕਹੇ?

ੳ) ਦਿਆਲ ਨੇ ਲਾਲ ਨੂੰ　　ਅ) ਲਾਲ ਨੇ ਵਹੁਟੀ ਨੂੰ
ੲ) ਦਿਆਲ ਨੇ ਵਹੁਟੀ ਨੂੰ　　ਸ) ਵਹੁਟੀ ਨੇ ਲਾਲ ਨੂੰ

xiv) "ਆਪਣੇ ਅਮਾਨ ਨੂੰ ਜਾਣ ਕੇ ਨਿਆਂ ਕਰੀਂ ਕਾਲੀਆ!" ਕਹਾਣੀ ਵਿੱਚ ਇਹ ਸ਼ਬਦ ਕਿਹੜਾ ਪਾਤਰ ਬੋਲਦਾ ਹੈ?

ੳ) ਕਪੂਰ ਸਿੰਘ　　ਅ) ਨਾਹਰ ਸਿੰਘ
ੲ) ਪੰਮਾ ਸਿੰਘ ਸਰਪੰਚ　　ਸ) ਦਰਬਾਰਾ ਸਿੰਘ

xv) 'ਸੱਜਣ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ :

ੳ) ਦੁਸ਼ਮਣ　ਅ) ਸੂਝਵਾਨ　ੲ) ਸਿਆਣਾ　ਸ) ਆੜੀ

xvi) 'ਗ਼ਰੀਬ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ :

ੳ) ਨਿਰਧਨ　ਅ) ਕੰਗਾਲ　ੲ) ਅਮੀਰ　ਸ) ਫ਼ਕੀਰ

xvii) ਹੱਥੀਂ ਕੰਮ ਕਰਦਿਆਂ ਸੰਗ ਕਾਹਦੀ?
ਉਪਰੋਕਤ ਵਾਕ ਵਿੱਚ ਆਏ ਬਹੁਅਰਥਕ ਸ਼ਬਦ 'ਸੰਗ' ਦਾ ਸਹੀ ਅਰਥ ਹੈ :

ੳ) ਸ਼ਰਮ　ਅ) ਸਾਥ　ੲ) ਪੱਥਰ　ਸ) ਸੰਖ

xviii) 'ਮਲਵਈ' ਉਪਬੋਲੀ ਦਾ ਮੁੱਖ ਜਿਲ੍ਹਾ ਹੈ :

ੳ) ਅੰਮ੍ਰਿਤਸਰ　ਅ) ਹੁਸ਼ਿਆਰਪੁਰ　ੲ) ਬਠਿੰਡਾ　ਸ) ਲਾਹੌਰ

**2.** ਹੇਠ ਲਿਖੀਆਂ ਖਾਲ਼ੀ ਥਾਵਾਂ ਭਰੋ : **[6×1=6]**

i) ਮਨ ਤੂੰ ਜੋਤਿ ਸਰੂਪੁ ਹੈ ......................... ॥

ii) ਵਹੁਟੀ ਮੇਰੀ ਸਜ ਵਿਆਹੀ ......................... ।

iii) ਕੁੱਝ ਰੁੱਖ ਮੇਰੀ ਦਾਦੀ ਵਰਗੇ ......................... ।

iv) ............................ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਹੀ ਰੰਡੀ ਬਹਿ ਜਾਏ।

v) ਮੈਨੂੰ ਤਾਂ ........................ ਰਿਹਾ, ਨਹੀਂ ਮੈਂ ਕਿਹੜਾ ਤੇਰਾ ਦੋਖੀ ਸੀ।

vi) "ਉੱਤੇ ਬਗਲੇ ਨ੍ਹਾਉਂਦੇ ਰਹੇ ਅਤੇ ..................... ਰਿਹਾ।"

**3.** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[12×1=12]**

i) ਫਰੀਦ ਜੀ ਰੱਬ ਦਾ ਵਾਸ ਕਿੱਥੇ ਦੱਸਦੇ ਹਨ ?

ii) ਭਾਈ ਗੁਰਦਾਸ ਜੀ ਗੁਰਮੁੱਖ ਨੂੰ ਕਿਸ ਤੋਂ ਕੁਰਬਾਣ ਹੋਣ ਦੀ ਸਿੱਖਿਆ ਦਿੰਦੇ ਹਨ ?

iii) ਵਜੀਦ ਜੀ ਅਨੁਸਾਰ ਜੇਕਰ ਗਊਆਂ ਨੂੰ ਘਾਹ ਦਿੱਤਾ ਜਾਂਦਾ ਹੈ ਤਾਂ ਕੁੱਤਿਆਂ ਨੂੰ ਕੀ ਮਿਲਦਾ ਹੈ ?

iv) 'ਗੁਲਾਬ ਦਾ ਫੁੱਲ ਤੋੜਣ ਵਾਲੇ ਨੂੰ' ਕਵਿਤਾ ਦੇ ਕਰਤਾ ਦਾ ਨਾਂ ਹੈ।

v) 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਕਿਸ ਨੂੰ ਉਲਾਮ੍ਹਾਂ ਦੇ ਰਹੇ ਸਨ ?

vi) ਬੀਕਾਨੇਰ ਰਿਆਸਤ ਕਿਸ ਨੇ ਤੇ ਕਦੋਂ ਸਥਾਪਤ ਕੀਤੀ ?

vii) ਵਿਦਵਾਨਾਂ ਅਨੁਸਾਰ ਰਾਜਸਥਾਨ ਵਿੱਚ ਭਾਟੀ ਰਾਜਪੂਤਾਂ ਦਾ ਸਭ ਤੋਂ ਵੱਡਾ ਕਿਲ੍ਹਾ ਕਿਹੜਾ ਹੈ ?

viii) ਕਰਤਾਰਾ ਤਲਵਾਰ ਲੈ ਕੇ ਕਿੱਥੇ ਜਾ ਰਿਹਾ ਸੀ ?

ix) ਲਾਲ ਤੇ ਦਿਆਲ ਦਾ ਆਪਸ ਵਿੱਚ ਕੀ ਰਿਸ਼ਤਾ ਸੀ ?

x) ਪੰਜਾਬੀ ਦੇ ਨਾਸਕੀ ਵਿਅੰਜਨ ਕਿਹੜੇ-ਕਿਹੜੇ ਹਨ ?

xi) ਦੁੱਤ ਅੱਖਰ ਕਿਸ ਨੂੰ ਆਖਦੇ ਹਨ ?

xii) ਪੰਜਾਬੀ ਭਾਸ਼ਾ ਦੀਆਂ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ ?

## ਖੰਡ - ਅ

**(4 – 8) : ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਨੂੰ ਹੱਲ ਕਰੋ :** **[5 × 2 = 10]**

ਜੀਵਨ ਵਿੱਚ ਸੱਚਾ ਸੁੱਖ ਉਦੋਂ ਮਿਲਦਾ ਹੈ ਜਦੋਂ ਅਸੀਂ ਆਪਣਾ ਤਨ-ਮਨ-ਧਨ ਸਭ ਕੁਝ ਦੂਜਿਆਂ ਉੱਤੇ ਕੁਰਬਾਨ ਕਰ ਦਿੰਦੇ ਹਾਂ। ਆਪਣੇ ਵਾਸਤੇ ਜਿਉਣਾ ਕੋਈ ਜਿਉਣਾ ਨਹੀਂ, ਦੂਜਿਆਂ ਦੀ ਖ਼ਾਤਰ ਜਿਉਣ ਵਿੱਚ ਹੀ ਸੱਚਾ ਸੁੱਖ ਅਤੇ ਅਨੰਦ ਹੈ। ਕਿਸੇ ਤੋਂ ਕੁਝ ਲੈਣ ਦੀ ਇੱਛਾ ਮਨੁੱਖ ਨੂੰ ਦੁੱਖ ਦਿੰਦੀ ਹੈ। ਜਦੋ ਕੋਈ ਸਿਰਫ਼ ਕਿਸੇ ਤੋਂ ਕੁਝ ਲੈਣ ਦੀ ਉਮੀਦ ਰੱਖਦਾ ਹੈ ਤਾਂ ਉਹਨੂੰ ਸੁੱਖ ਨਸੀਬ ਨਹੀਂ ਹੁੰਦਾ। ਕਿਉਂਕਿ ਇੱਛਾ ਦੀ ਪੂਰਤੀ ਕਿਸੇ ਦੂਜੇ ਉੱਤੇ ਨਿਰਭਰ ਹੁੰਦੀ ਹੈ। ਇਹ ਵੀ ਨਿਸ਼ਚਿਤ ਨਹੀਂ ਹੁੰਦਾ ਕਿ ਇੱਛਾ-ਪੂਰਤੀ ਹੋਵੇਗੀ ਵੀ ਕਿ ਨਹੀਂ, ਇਸ ਲਈ ਸੁੱਖ ਮਿਲਣਾ ਜ਼ਰੂਰੀ ਨਹੀਂ। ਇੱਛਾ-ਪੂਰਤੀ ਜੇ ਰੋ-ਪਿੱਟ ਕੇ ਹੋ ਵੀ ਗਈ ਤਾਂ ਵੀ ਸੱਚਾ ਸੁੱਖ ਨਹੀਂ ਦੇ ਸਕੇਗੀ। ਸੱਚਾ ਸੁੱਖ ਦੂਜਿਆਂ ਨੂੰ ਦੇਣ ਵਿੱਚ ਹੈ, ਦੂਜਿਆਂ ਤੋਂ ਲੈਣ ਵਿੱਚ ਨਹੀਂ। ਅੰਗੂਰ ਦੀ ਸਾਰਥਕਤਾ ਆਪਣਾ ਸਾਰਾ ਰਸ ਦੂਜਿਆਂ ਵਾਸਤੇ ਨਿਚੋੜ ਦੇਣ ਵਿੱਚ ਹੈ। ਇਸੇ ਤਰ੍ਹਾਂ ਮਨੁੱਖ ਦੀ ਸਾਰਥਕਤਾ ਆਪਣੀਆਂ ਪੂਰੀਆਂ ਯੋਗਤਾਵਾਂ ਅਤੇ ਆਪਣੇ ਸਾਰੇ ਗੁਣਾਂ ਨੂੰ ਦੁਜਿਆਂ ਉੱਤੇ ਨਿਛਾਵਰ ਕਰ ਦੇਣ ਵਿੱਚ ਹੁੰਦੀ ਹੈ। ਪਰਉਪਕਾਰ ਦੇ ਰਸ ਨਾਲ ਦੂਜਿਆਂ ਨੂੰ ਤ੍ਰਿਪਤ ਕਰ ਦੇਣ ਵਿੱਚ ਸੱਚਾ ਸੁੱਖ ਹੈ। ਸੱਚੇ ਸੁੱਖ ਦਾ ਭਾਗੀ ਉਹ ਹੋ ਸਕਦਾ ਹੈ ਜਿਹੜਾ ਆਪਣਾ ਸਰਬੰਸ ਦੂਜਿਆਂ ਉੱਤੋਂ ਵਾਰ ਦੇਵੇ।

**4.** ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**5.** ਅੰਗੂਰ ਦੀ ਸਾਰਥਕਤਾ ਕਿਸ ਕੰਮ ਵਿੱਚ ਹੈ ?

**6.** ਮਨੁੱਖ ਦੀ ਸਾਰਥਕਤਾ ਕਿਸ ਅੰਦਰ ਹੈ ?

**7.** ਮਨੁੱਖ ਦੂਜਿਆਂ ਨੂੰ ਤ੍ਰਿਪਤ ਕਿਵੇਂ ਕਰ ਸਕਦਾ ਹੈ ?

**8.** ਔਖੇ ਸ਼ਬਦਾਂ ਦੇ ਅਰਥ ਲਿਖੋ :
ਪਰਉਪਕਾਰ, ਨਸੀਬ, ਨਿਚੋੜ, ਸਰਬੰਸ

**(9 – 13) : ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[5 × 2 = 10]**

**9.** 'ਸੰਤੋਖ' ਅਤੇ 'ਧਰਤੀ' ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ।

**10.** ਹੇਠ ਲਿਖੇ ਬਹੁਅਰਥਕ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਦੋ-ਦੋ ਵੱਖਰੇ ਅਰਥ ਸਪੱਸ਼ਟ ਹੋ ਜਾਣ :
ਕਲੀ, ਲਾਲ।

**11.** ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :
ਬੇਹਾ, ਅਕ੍ਰਿਤਘਣ, ਵਰ, ਖ਼ਰੀਦਣਾ।

**12.** ਦੁਆਬੀ ਉਪਭਾਸ਼ਾ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ ?

**13.** ਕਵੀ ਬਦੇਸ਼ਾਂ'ਚ ਜਾਣ ਵਾਲੇ ਲੋਕਾਂ ਦੇ ਕਿਹੜੇ ਦੁੱਖ ਦਾ ਜ਼ਿਕਰ ਕਰਦਾ ਹੈ ?

## ਖੰਡ - ੲ

**(14 – 17) : ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[4×3=12]**

**14.** 'ਅੱਜ ਆਖਾਂ ਵਾਰਿਸ਼ ਸ਼ਾਹ ਨੂੰ' ਕਵਿਤਾ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

'ਰੁੱਖ' ਕਵਿਤਾ ਵਿੱਚ ਕਵੀ ਨੇ ਕਿਹੜੇ-ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ ਅਤੇ ਉਹਨਾਂ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ ?

**15.** 'ਪੇਮੀ ਦੇ ਨਿਆਣੇ' ਕਹਾਣੀ ਦਾ ਸਾਰ ਲਿਖੋ।

**ਜਾਂ**

ਮੇਜਰ ਸਾਹਿਬ ਜਾਂ ਕਪੂਰ ਸਿੰਘ ਦੀ ਪਾਤਰ ਉਸਾਰੀ ਕਰੋ।

**16.** 'ਕਿਰਤ' ਨਿਬੰਧ ਦਾ ਸੰਖੇਪ ਸਾਰ ਲਿਖੋ।

**ਜਾਂ**

ਗੰਗਾਦੀਨ ਕੌਣ ਸੀ, ਤੇ ਕੀ ਕੰਮ ਕਰਦਾ ਸੀ? ਉਸ ਦੀ ਮਾੜੀ ਮਾਲੀ ਹਾਲਤ ਲਈ ਕੌਣ ਜ਼ਿੰਮੇਵਾਰ ਸੀ ਤੇ ਕਿਉਂ ?

**17.** ਮਿਲਖਾ ਸਿੰਘ ਦਾ ਪਰਿਵਾਰਿਕ ਪਿਛੋਕੜ ਕੀ ਸੀ? ਸੰਨ 1947 ਦੀ ਵੰਡ ਸਮੇਂ ਉਸ ਦੇ ਪਰਿਵਾਰ 'ਤੇ ਕੀ ਬੀਤਦੀ ਹੈ ?

**ਜਾਂ**

ਮਹਾਰਾਜਾ ਗੰਗਾ ਸਿੰਘ ਦੀ ਪਰਜਾ ਬਾਰੇ ਕੀ ਨੀਤੀ ਸੀ? ਵਿਸਥਾਰ ਨਾਲ ਵਰਨਣ ਕਰੋ ।

## ਖੰਡ - ਸ

**(18 – 20) : ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[3×4=12]**

**18.** ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣ ॥
ਮੂਲ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਨ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥

ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।

ਅ) ਉਪਰੋਕਤ ਕਾਵਿ-ਬੰਦ ਦੀ ਸਰਲ-ਵਿਆਖਿਆ ਕਰੋ ।

ੲ) 'ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣ॥' ਤੁੱਕ ਤੋਂ ਕੀ ਭਾਵ ਹੈ ?

ਸ) ਔਖੇ ਸ਼ਬਦਾਂ ਦੇ ਅਰਥ ਲਿਖੋ :
ਮੂਲੁ, ਗੁਰਮਤੀ, ਸਹੁ, ਰੰਗੁ ।

**ਜਾਂ**

ਸੁੱਖ-ਨੀਂਦੇ ਜੇ ਸੁੱਤਾ ਚਾਹੇਂ, ਵੱਸ ਨਾ ਪਈ ਅਮੀਰਾਂ ਦੇ ।
ਬੰਦੀਜਨ ਦੇ ਹਲੂਣੇ ਨਾਲੋਂ, ਟੁਕੜੇ ਭਲੇ ਫਕੀਰਾਂ ਦੇ ।
ਵਿੱਚ ਗੁਲਾਮੀ ਹੋਈ ਖ਼ੁਨਾਮੀ, ਸੁੱਕਣ ਲਹੂ ਸਰੀਰਾਂ ਦੇ ।
ਸੀਨੇ ਹੱਥ, ਧੌਣ ਨਿਹੁੜਾਈ, ਖੜੇ ਵਾਂਗ ਤਸਵੀਰਾਂ ਦੇ ।
ਰੰਚਕ ਰੰਜ ਰਾਉ ਨੂੰ ਆਇਆ, ਸਿਰ ਕਟ ਜਾਣ ਵਜ਼ੀਰਾਂ ਦੇ ।

ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।

ਅ) ਉਪਰੋਕਤ ਕਾਵਿ-ਬੰਦ ਦੀ ਸਰਲ-ਵਿਆਖਿਆ ਕਰੋ।

ੲ) 'ਰੰਚਕ ਰੰਜ ਰਾਉ ਨੂੰ ਆਇਆ, ਸਿਰ ਕਟ ਜਾਣ ਵਜ਼ੀਰਾਂ ਦੇ ।' ਤੁਕ ਤੋਂ ਕੀ ਭਾਵ ਹੈ ?

ਸ) ਔਖੇ ਸ਼ਬਦਾਂ ਦੇ ਅਰਥ ਲਿਖੋ :
ਬੰਦੀਜਨ, ਖ਼ੁਨਾਮੀ, ਨਿਹੁੜਾਈ, ਰੰਜ

**19.** ਚਿੱਠੀ ਰਾਹੀਂ ਆਪਣੇ ਮਿੱਤਰ ਨੂੰ ਆਪਣੇ ਸਕੂਲ ਵਿੱਚ ਹੋਏ ਸਲਾਨਾ ਸਮਾਗਮ ਦਾ ਹਾਲ ਲਿਖੋ।

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਘਰ ਵਿੱਚ ਜ਼ਰੂਰੀ ਕੰਮ ਹੋ ਜਾਣ ਕਾਰਨ ਦੋ ਦਿਨਾਂ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

**20.** ਮੇਰਾ ਮਨ ਭਾਉਂਦਾ ਅਧਿਆਪਕ

**ਜਾਂ**

ਦਿਵਾਲ਼ੀ

**ਜਾਂ**

ਵਿਗਿਆਨ ਦੇ ਲਾਭ

---

DO NOT WRITE ANYTHING HERE